BRAMPTON Flower City
brampton.ca

media release

ਤੁਰੰਤ ਰਿਲੀਜ ਲਈ

## ਸਿਟੀ ਨੇ ਨਵਾਂ ਵਰਕਪਲੇਸ ਡਾਈਵਰਸਿਟੀ ਐਂਡ ਇਨਕਲੂਜਨ ਸਟ੍ਰੈਟਜੀ ਐਂਡ ਵਰਕ ਪਲਾਨ ਤਿਆਰ ਕੀਤਾ

ਬ੍ਰੈਂਪਟਨ, ਓਨਟੈਰੀਓ (27 ਨਵੰਬਰ, 2019) – ਸਿਟੀ ਆਫ ਬ੍ਰੈਂਪਟਨ ਨੇ ਇੱਕ ਨਵਾਂ ਪੰਜ-ਸਾਲਾ ਵਰਕਪਲੇਸ ਡਾਈਵਰਸਿਟੀ ਐਂਡ ਇਨਕਲੂਜਨ ਸਟ੍ਰੈਟਜੀ ਐਂਡ ਵਰਕ ਪਲਾਨ (Workplace Diversity and Inclusion Strategy and Work Plan) ਤਿਆਰ ਕੀਤਾ ਹੈ। ਇਹ ਇੱਕ ਵੱਧ ਸ਼ਮੂਲੀਅਤ ਵਾਲੇ ਸੰਗਠਨਾਤਮਕ ਸੱਭਿਆਚਾਰ ਨੂੰ ਵਿਕਸਿਤ ਕਰਨ ਦੇ ਮੌਕਿਆਂ ਬਾਰੇ ਦੱਸਦਾ ਹੈ। ਇਹ ਸੱਭਿਆਚਾਰ ਇੱਥੋਂ ਦੇ ਲੋਕਾਂ ਨੂੰ ਸ਼ਾਮਲ ਕਰਦਾ ਹੈ, ਉਹਨਾਂ ਦਾ ਵਿਕਾਸ ਕਰਦਾ ਹੈ ਅਤੇ ਜਸ਼ਨ ਮਨਾਉਂਦਾ ਹੈ ਅਤੇ ਵੰਨ-ਸੁਵੰਨੇ ਕਾਰਜਬਲ ਨੂੰ ਆਕਰਸ਼ਿਤ ਕਰਦਾ ਹੈ।

ਇਸ ਹਫ਼ਤੇ, ਸਿਟੀ ਕਾਉਂਸਿਲ (City Council) ਨੇ ਕੈਨੇਡਿਅਨ ਸੈਂਟਰ ਫਾਰ ਡਾਇਵਰਸਿਟੀ ਐਂਡ ਇਨਕਲੂਜਨ (ਸੀ.ਸੀ.ਡੀ.ਆਈ.) (Canadian Centre for Diversity & Inclusion) (CCDI) ਦੀ ਅਗਵਾਈ ਵਾਲੀ ਇੱਕ ਵਰਕਸ਼ਾਪ ਵਿੱਚ ਹਿੱਸਾ ਲਿਆ। ਇਸ ਵਰਕਸ਼ਾਪ ਨੇ ਸਿਟੀ ਦੇ ਕਰਮਚਾਰੀਆਂ ਦੇ ਸਰਵੇਖਣ ਤੇ ਅੰਤਰਦ੍ਰਿਸ਼ਟੀ ਪ੍ਰਦਾਨ ਕੀਤੀ, ਜੋ ਉਹਨਾਂ ਨੇ ਜਨਵਰੀ ਤੋਂ ਮਾਰਚ 2019 ਤੱਕ ਕੀਤਾ ਸੀ। ਸੀ.ਸੀ.ਡੀ.ਆਈ. (CCDI) ਦੇ ਵਿਸ਼ਲੇਸ਼ਣ ਵਿੱਚ ਫੋਕਸ ਗਰੁੱਪਾਂ ਤੋਂ ਪ੍ਰਮਾਣ, ਲੀਡਰਸ਼ਿਪ ਮੁਲਾਂਕਣ ਅਤੇ ਸੰਗਠਨਾਤਮਕ ਪਰਿਪੱਕਤਾ ਵਿਸ਼ਲੇਸ਼ਣ ਵੀ ਸ਼ਾਮਲ ਕੀਤਾ ਗਿਆ ਸੀ।

ਕਾਰਜਸਥਾਨ ਦੀ ਇਸ ਤਰ੍ਹਾਂ ਦੀ ਕਾਰਜਨੀਤੀ ਭਾਈਚਾਰੇ ਤੇ ਸਿੱਧਾ ਅਸਰ ਪਾਉਂਦੀ ਹੈ। ਬ੍ਰੈਂਪਟਨ ਜਿਹੇ ਮੁੱਖ ਪਬਲਿਕ ਸੈਕਟਰ ਸੰਗਠਨ ਜਾਣਦੇ ਹਨ ਕਿ ਸ਼ਮੂਲੀਅਤ ਵਿੱਚ ਵਾਧੇ ਦਾ ਮਤਲਬ ਹੈ, ਕਰਮਚਾਰੀ ਭਾਗੀਦਾਰੀ ਵਿੱਚ ਵਾਧਾ। ਇਸਦੇ ਬਦਲੇ, ਕਰਮਚਾਰੀਆਂ ਦੀ ਭਾਗੀਦਾਰੀ, ਉਤਪਾਦਕਤਾ ਅਤੇ ਗਾਹਕ ਸੇਵਾ ਤੇ ਅਸਰ ਪਾਉਂਦੀ ਹੈ – ਅਤੇ ਸੇਵਾਵਾਂ ਦੀ ਕੁਸ਼ਲ ਅਤੇ ਪ੍ਰਭਾਵਸ਼ਾਲੀ ਡਿਲੀਵਰੀ, ਨਿਵਾਸੀਆਂ, ਕਾਰੋਬਾਰੀਆਂ ਅਤੇ ਸਟੇਕਹੋਲਡਰਾਂ ਵਿੱਚ ਭਰੋਸਾ ਅਤੇ ਵਿਸ਼ਵਾਸ਼ ਕਾਇਮ ਕਰਦੀ ਹੈ।

ਇਸ ਕਾਰਜਨੀਤੀ ਦੀਆਂ ਚਾਰ ਤਰਜੀਹਾਂ ਹਨ:

- ਜਿਹੜੇ ਭਾਈਚਾਰੇ ਨੂੰ ਸਿਟੀ ਆਫ ਬ੍ਰੈਂਪਟਨ ਸੇਵਾ ਦਿੰਦੀ ਹੈ, ਉਸਦੇ ਵੰਨ-ਸੁਵੰਨੇ ਕਾਰਜਬਲ ਵਿੱਚ ਡੂੰਘਾ ਸੋਚਣ ਦੀ ਸਮਰੱਥਾ ਵਿਕਸਿਤ ਕਰਨਾ
- ਵੱਧ ਸ਼ਮੂਲੀਅਤ ਵਾਲਾ ਵਾਤਾਵਰਣ ਵਿਕਸਿਤ ਕਰਨਾ, ਜਿੱਥੇ ਲੋਕ ਆਪਣੀ ਗੱਲ ਆਖ ਸਕਣ, ਰਹਿ ਸਕਣ ਅਤੇ ਯਤਨ ਕਰ ਸਕਣ
- ਉੱਨਤੀ ਕਰਨ ਲਈ ਵੰਨ-ਸੁਵੰਨਤਾ ਅਤੇ ਸ਼ਮੂਲੀਅਤ ਦੇ ਪ੍ਰਤੀ ਸਾਰੇ ਕਰਮਚਾਰੀਆਂ ਦੀ ਸੁਚੇਤਤਾ ਅਤੇ ਯੋਗਤਾ ਨੂੰ ਵਿਕਸਿਤ ਕਰਨਾ
- ਭਰੋਸਾ, ਏਕਤਾ, ਹਿੰਮਤ ਅਤੇ ਜੋਸ਼ ਜਿਹੇ ਸਿਟੀ ਦੇ ਮੁੱਲਾਂ ਨੂੰ ਕਾਇਮ ਰੱਖ ਕੇ ਸਾਡੀ ਵਿਲੱਖਣਤਾ ਅਤੇ ਸਾਂਝੀਆਂ ਸਫਲਤਾਵਾਂ ਦਾ ਜਸ਼ਨ ਮਨਾਉਣਾ

2020 ਵੱਲ ਵਧਦੇ ਹੋਏ, ਸਿਟੀ ਇਹ ਯਕੀਨੀ ਬਣਾਉਣ ਲਈ ਨਵੀਂ ਸਟਾਫ਼ ਕਮੇਟੀ ਬਣਾਵੇਗੀ ਕਿ ਇਹ ਉਹਨਾਂ ਮਹੱਤਵਪੂਰਨ ਪਹਿਲਕਦਮੀਆਂ ਨੂੰ ਚੰਗੀ ਤਰ੍ਹਾਂ ਪਛਾਣਦੀ ਹੈ ਅਤੇ ਲਾਗੂ ਕਰਦੀ ਹੈ, ਜੋ ਵੰਨ-ਸੁਵੰਨੇ ਅਤੇ ਸ਼ਮੂਲੀਅਤ ਵਾਲੇ ਕਾਰਜ ਸਥਾਨ ਦੀ ਹਿਮਾਇਤ ਕਰਦੀਆਂ ਹਨ। ਸਿਟੀ ਦੀ ਕਾਰਜਨੀਤੀ ਸਬੰਧੀ ਲੀਡਰਸ਼ਿਪ ਟੀਮ (Strategic Leadership Team) ਦੇ ਇਹ ਸਾਰੇ ਸਬੰਧਿਤ ਪ੍ਰਦਰਸ਼ਨ ਟੀਚੇ ਅਤੇ ਜ਼ਿੰਮੇਵਾਰੀਆਂ ਹੋਣਗੀਆਂ। ਸਿਟੀ ਸਹਿਕਰਮੀਆਂ ਅਤੇ ਲੀਡਰਾਂ ਨਾਲ ਜੁੜਨ ਲਈ ਸੁਰੱਖਿਅਤ ਥਾਵਾਂ ਤਿਆਰ ਕਰੇਗੀ। ਨਾਲ ਹੀ, ਉਹਨਾਂ ਕਰਮਚਾਰੀਆਂ ਨੂੰ ਜੋੜਨ ਲਈ ਅਜਿਹੇ ਇੰਪਲਾਈ ਰਿਸੋਰਸ ਗਰੁੱਪਸ (Employee Resource Groups) ਸਥਾਪਤ ਕੀਤੇ ਜਾਣਗੇ, ਜਿਹਨਾਂ ਦੀ ਪਛਾਣ ਇੱਕੋ ਜਿਹੇ ਵੰਨ-ਸੁਵੰਨਤਾ ਵਿਸਤਾਰਾਂ ਨਾਲ ਹੁੰਦੀ ਹੈ।

**ਹਵਾਲੇ**

"ਮੈਨੂੰ ਇੱਕ ਸ਼ਮੂਲੀਅਤ ਵਾਲੇ ਅਤੇ ਨਿਰਪੱਖ ਕੰਮ ਸਬੰਧੀ ਵਾਤਾਵਰਣ ਵਿੱਚ ਪੂਰਾ ਯਕੀਨ ਹੈ। ਨਤੀਜੇ ਸਪਸ਼ਟ ਤੌਰ ਤੇ ਦਰਸਾਉਂਦੇ ਹਨ ਕਿ ਅਸੀਂ ਅਜਿਹਾ ਕਰਨ ਲਈ ਬ੍ਰੈਂਪਟਨ ਵਿੱਚ ਕੰਮ ਕੀਤਾ ਹੈ। ਮੈਂ ਪੀਲ ਪੁਲਿਸ ਸਰਵਿਸਿਜ਼ ਬੋਰਡ ਵਿੱਚ ਸੀ.ਸੀ.ਡੀ.ਆਈ. ਨਾਲ ਕੰਮ ਕੀਤਾ ਹੈ ਅਤੇ ਜਾਣਦਾ ਹਾਂ ਕਿ ਉਹ

ਸਾਡੀਆਂ ਕਮੀਆਂ ਦਾ ਪਤਾ ਲਗਾਉਣ ਲਈ ਸਿਟੀ ਦੀ ਮਦਦ ਕਰਨ ਲਈ ਵਚਨਬੱਧ ਹਨ। ਇਸ ਕਰਕੇ ਹੀ ਸਾਡੀ ਅਗਲੀ ਕਾਉਂਸਿਲ ਮੀਟਿੰਗ ਵਿੱਚ ਮੈਂ ਸਾਰੀਆਂ ਸਿਫ਼ਾਰਿਸ਼ਾਂ ਨੂੰ ਤੁਰੰਤ ਸਵੀਕਾਰ ਕਰਨ ਲਈ ਇੱਕ ਪ੍ਰਸਤਾਵ ਪੇਸ਼ ਕਰਾਂਗਾ।”

- *ਪੈਟਰਿਕ ਬ੍ਰਾਊਨ (Patrick Brown), ਮੇਅਰ*

"ਅਸੀਂ ਅਜਿਹੇ ਸ਼ਮੂਲੀਅਤ ਵਾਲੇ ਸੱਭਿਆਚਾਰ ਨੂੰ ਵਿਕਸਿਤ ਕਰਨ ਲਈ ਵਚਨਬੱਧ ਹਾਂ, ਜੋ ਸਾਡੇ ਲੋਕਾਂ ਨੂੰ ਸ਼ਾਮਲ ਕਰਦਾ ਹੈ, ਉਹਨਾਂ ਦਾ ਵਿਕਾਸ ਕਰਦਾ ਹੈ ਅਤੇ ਉਹਨਾਂ ਦਾ ਜਸ਼ਨ ਮਨਾਉਂਦਾ ਹੈ ਅਤੇ ਵੰਨ-ਸੁਵੰਨੇ ਕਾਰਜਬਲ ਨੂੰ ਆਕਰਸ਼ਿਤ ਕਰਦਾ ਹੈ – ਇਹ ਕਾਰਜਨੀਤੀ ਅਤੇ ਵਰਕ ਪਲਾਨ, ਇਹਨਾਂ ਸਿਧਾਂਤਾਂ ਦੇ ਪ੍ਰਤੀ ਸਾਡੀ ਵਚਨਬੱਧਤਾ ਨੂੰ ਦਰਸਾਉਂਦਾ ਹੈ।"

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਰ ਅਫ਼ਸਰ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca